


## ਐਸਬੈਸਟਸ ਕੀ ਹੈ?

ਐਸਬੈਸਟਸ ਖਣਿਜ (ਮਿਨਰਲ) ਤੋਂ ਬਣਿਆ ਇਕ ਫਾਇਬਰ ਹੈ। ਐਸਬੈਸਟਸ ਫਾਇਬਰ ਅੱਗ, ਗਰਮੀ ਅਤੇ ਬਿਜਲੀ ਦਾ ਮੁਕਾਬਲਾ ਕਰਦੇ ਹਨ, ਅਤੇ ਇਸ ਕਾਰਨ ਕਰਕੇ 1990 ਤੱਕ ਐਸਬੈਸਟਸ ਦੀ ਵਰਤੋਂ ਬਿਲਡਿੰਗਾਂ ਦੀਆਂ ਹਜ਼ਾਰਾਂ ਵਸਤਾਂ ਵਿਚ ਕੀਤੀ ਗਈ ਸੀ। ਇਸ ਨੂੰ ਨਾ ਛੇੜਣ 'ਤੇ ਇਨ੍ਹਾਂ ਵਸਤਾਂ ਨਾਲ ਜੁੜਿਆ ਹੋਇਆ ਬਹੁਤ ਘੱਟ ਖਤਰਾ ਹੈ। ਪਰ, ਐਸਬੈਸਟਸ ਵਾਲੀ ਸਾਮੱਗਰੀ ਨੂੰ ਹਿਲਾਉਣ 'ਤੇ ਐਸਬੈਸਟਸ ਦੇ ਫਾਇਬਰ ਸਾਹ ਰਾਹੀਂ ਅੰਦਰ ਜਾ ਸਕਦੇ ਹਨ, ਜਿਸ ਨਾਲ ਫੇਫੜਿਆਂ 'ਤੇ ਜ਼ਖਮ ਹੋ ਸਕਦੇ ਹਨ ਜਾਂ ਕੈਂਸਰ ਹੋ ਸਕਦੀ ਹੈ।

**www.thinkasbestos.com ਉੱਪਰ ਜ਼ਿਆਦਾ ਜਾਣੋ।**

### ਐਸਬੈਸਟਸ ਵਾਲੀਆਂ ਆਮ ਚੀਜ਼ਾਂ ਵਿਚ ਇਹ ਸ਼ਾਮਲ ਹਨ:

- ਵਾਇਨਲ ਸ਼ੀਟ ਫਲੋਰਿੰਗ/ਵਾਇਨਲ ਫਲੋਰ ਟਾਇਲ
- ਡਰਾਈਵਾਲ ਵਾਲੇ ਪਦਾਰਥ
- ਪਲਾਸਤਰ
- ਸੀਲਿੰਗ ਟਾਇਲ
- ਸਟੱਕੋ
- ਟੈਕਸਚਰਡ ਸੀਲਿੰਗ ਕੋਟ
- ਫਰਨਿਸ, ਸੈਂਟਰਲ ਹੀਟਿੰਗ ਟੇਪਿੰਗ, ਰੈਪ ਅਤੇ ਗੈਸਕਟਸ
- ਸੀਮੈਂਟ ਦੇ ਪੈਨਲ (ਟ੍ਰਾਂਸਾਈਟ)
- ਸੀਮੈਂਟ ਬੋਰਡ

## ਵਸੀਲੇ

### ਮੈਨੂੰ ਯੋਗ ਮਦਦ ਕਿੱਥੋਂ ਮਿਲ ਸਕਦੀ ਹੈ?

ਜਿਹੜੀਆਂ ਕੰਪਨੀਆਂ ਹੈਜ਼ਮੇਟ ਸਰਵੇ, ਐਸਬੈਸਟਸ ਟੈਸਟਿੰਗ ਕਰਦੀਆਂ ਹਨ ਅਤੇ ਐਸਬੈਸਟਸ ਕੱਢਦੀਆਂ ਹਨ ਉਹ ਔਨਲਾਈਨ 'asbestos abatement and removal', 'health and safety consultants', 'asbestos testing' ਸਰਚ ਕਰਕੇ ਜਾਂ www.crd.bc.ca/renowaste 'ਤੇ ਲੱਭੀਆਂ ਜਾ ਸਕਦੀਆਂ ਹਨ।

### ਰੈਨੋਵੇਸ਼ਨ ਦੀ ਆਪਣੀ ਵੇਸਟ (ਰਹਿੰਦ-ਖੂੰਹਦ) ਨੂੰ ਲੈ ਕੇ ਜਾਣਾ

ਸਹੀ ਤਰ੍ਹਾਂ ਪੈਕ ਕੀਤੀ ਹੋਈ ਐਸਬੈਸਟਸ ਘਰ ਦੇ ਮਾਲਕ ਵਲੋਂ ਜਾਂ ਕਿਸੇ ਲਾਇਸੰਸਸ਼ੁਦਾ ਟ੍ਰਾਂਸਪੋਰਟਰ ਵਲੋਂ ਲਿਜਾਈ ਜਾ ਸਕਦੀ ਹੈ। ਐਸਬੈਸਟਸ ਲਿਜਾਣ ਬਾਰੇ ਜ਼ਿਆਦਾ ਜਾਣਕਾਰੀ ਲਈ ਇਹ ਵੈੱਬਸਾਈਟ ਦੇਖੋ: www.crd.bc.ca/acm

### ਰੈਨੋਵੇਸ਼ਨ ਦੀ ਸਾਫ ਵੇਸਟ

ਵੇਸਟ ਛੱਡਣ (ਡਿਸਪੋਜ਼ਲ) ਵਾਲੀਆਂ ਥਾਂਵਾਂ ਇਹ ਸਬੂਤ ਮੰਗਣਗੀਆਂ ਕਿ ਰੈਨੋਵੇਸ਼ਨ ਦੀ ਵੇਸਟ (ਰਹਿੰਦ-ਖੂੰਹਦ) ਖਤਰਿਆਂ ਤੋਂ ਮੁਕਤ ਹੈ ਤਾਂ ਜੋ ਵਰਕਸੇਫ ਬੀ ਸੀ ਦੀ ਮੰਗ ਮੁਤਾਬਕ ਉਹ ਆਪਣੇ ਵਰਕਰਾਂ ਨੂੰ ਸੁਰੱਖਿਅਤ ਰੱਖ ਸਕਣ। ਰੈਨੋਵੇਸ਼ਨ ਦੀ ਸਾਫ ਵੇਸਟ ਵਸਨੀਕ, ਕੰਨਟਰੈਕਟਰ ਜਾਂ ਕਮਰਸ਼ੀਅਲ ਟਰੱਕਰ ਵਲੋਂ ਲਿਜਾਈ ਜਾ ਸਕਦੀ ਹੈ।

### ਸੀ ਆਰ ਡੀ ਦੇ ਵਸੀਲੇ:

www.myrecyclopedia.ca

www.crd.bc.ca/renowaste

www.crd.bc.ca/acm

**ਸੀ ਆਰ ਡੀ ਦੀ ਜਾਣਕਾਰੀ ਦੇਣ ਵਾਲੀ ਲਾਈਨ: 250.360.3030**

### ਵਰਕਸੇਫ ਬੀ ਸੀ ਦੇ ਵਸੀਲੇ:

www.thinkasbestos.com

www.hiddenkiller.ca

CRD
Making a difference...together

[Punjabi]

**Capital Regional District**
Environmental Protection
625 Fisgard Street
Victoria, BC V8W 1R7
250.360.3253

# ਸੁਰੱਖਿਅਤ ਰੈਨੋਵੇਸ਼ਨ ਅਤੇ ਵੇਸਟ ਨੂੰ ਛੱਡਣਾ

CRD | Environmental Protection




## ਆਪਣੀ ਰੈਨੋਵੇਸ਼ਨ ਸ਼ੁਰੂ ਕਰਨ ਤੋਂ ***ਪਹਿਲਾਂ*** ਐਸਬੈਸਟਸ ਦੇ ਅਤੇ ਹੋਰ ਖਤਰੇ ਚੈੱਕ ਕਰੋ



# ਸੁਰੱਖਿਅਤ ਰੈਨੋਵੇਸ਼ਨ + ਵੇਸਟ ਨੂੰ ਛੱਡਣ ਲਈ

## ਤਿੰਨ ਕਦਮ

**1**

### ਅਗਾਊਂ ਪਲੈਨ ਕਰੋ ਅਤੇ ਆਪਣੀ ਰੱਖਿਆ ਕਰੋ

ਘਰਾਂ ਦੀ ਰੈਨੋਵੇਸ਼ਨ ਕਰਨ ਵਾਲਿਆਂ ਅਤੇ ਕੌਨਟਰੈਕਟਰਾਂ ਨੂੰ ਐਸਬੈਸਟਸ ਵਰਗੀਆਂ ਖਤਰਨਾਕ ਸਾਮੱਗਰੀਆਂ ਨੂੰ ਹਿਲਾਉਣ ਜਾਂ ਸਾਂਭਣ ਵੇਲੇ ਸਾਵਧਾਨੀਆਂ ਵਰਤਣ ਦੀ ਲੋੜ ਹੈ।

ਆਪਣੀ ਅਤੇ ਆਪਣੇ ਪਰਿਵਾਰ ਦੀ ਰੱਖਿਆ ਕਰਨ ਲਈ, ਰੈਨੋਵੇਸ਼ਨ ਕਰਨ ਤੋਂ ***ਪਹਿਲਾਂ***, ਖਤਰਨਾਕ ਸਾਮੱਗਰੀਆਂ (ਐਸਬੈਸਟਸ ਜਾਂ ਹੋਰ ਖਤਰਿਆਂ) ਦੀ ਪਛਾਣ ਕਰਨ ਲਈ ਕਿਸੇ ਯੋਗਤਾ ਪ੍ਰਾਪਤ ਮਾਹਰ ਦੀਆਂ ਸੇਵਾਵਾਂ ਲਓ। ਯੋਗਤਾ ਪ੍ਰਾਪਤ ਅਬੇਟਮੈਂਟ ਕੰਪਨੀਆਂ ਖਤਰਨਾਕ ਸਾਮੱਗਰੀਆਂ ਨੂੰ ਤੁਹਾਡੇ ਘਰ ਤੋਂ ਸੁਰੱਖਿਅਤ ਤਰੀਕੇ ਨਾਲ ਹਟਾ ਸਕਦੀਆਂ ਹਨ ਅਤੇ ਸਹੀ ਤਰ੍ਹਾਂ ਟਿਕਾਣੇ ਲਾ ਸਕਦੀਆਂ ਹਨ ਅਤੇ ਇਨ੍ਹਾਂ ਦੇ ਸੰਪਰਕ ਵਿਚ ਆਉਣ ਦਾ ਤੁਹਾਡਾ ਖਤਰਾ ਘਟਾ ਸਕਦੀਆਂ ਹਨ। ਆਪਣੀ ਰੈਨੋਵੇਸ਼ਨ ਲਈ ਜੇ ਤੁਸੀਂ ਕਿਸੇ ਕੌਨਟਰੈਕਟਰ ਦੀਆਂ ਸੇਵਾਵਾਂ ਲੈਂਦੇ ਹੋ ਤਾਂ ਖਤਰਿਆਂ ਦੀ ਪਛਾਣ ਕਰਨ ਅਤੇ ਇਨ੍ਹਾਂ ਨੂੰ ਸੁਰੱਖਿਅਤ ਤਰੀਕੇ ਨਾਲ ਹਟਾਉਣ ਦੀ ਜ਼ਿੰਮੇਵਾਰੀ ਤੁਹਾਡੀ ਹੈ।

***ਖਤਰਨਾਕ ਸਾਮੱਗਰੀਆਂ ਦੀ ਪਛਾਣ ਹੈਜ਼ਮੇਟ ਸਰਵੇ ਰਾਹੀਂ ਕੀਤੀ ਜਾਂਦੀ ਹੈ।***



**2**

### ਇਹ ਜਾਣੋ ਕਿ ਆਪਣੀ ਵੇਸਟ ਨੂੰ ਟਿਕਾਣੇ ਕਿਵੇਂ ਲਾਉਣਾ ਹੈ

ਰੈਨੋਵੇਸ਼ਨ ਅਤੇ ਢੁਹਾਈ (ਰੈਨੋ) ਦੀ ਵੇਸਟ ਕਰਬਸਾਈਡ ’ਤੇ ਗਾਰਬੇਜ ਦੀ ਚੁਕਾਈ ਲਈ ਯੋਗ ਨਹੀਂ ਹੈ। ਰੈਨੋ ਦੀ ਵੇਸਟ ਛੱਡਣ ਲਈ ਕਈ ਥਾਂਵਾਂ ਹਨ, ਜਿਸ ਵਿਚ ਹਾਰਟਲੈਂਡ ਲੈਂਡਫਿਲ ਵੀ ਸ਼ਾਮਲ ਹੈ।

**ਲੈਂਡਫਿਲ ਮਨਾਹੀਆਂ, ਦੁਬਾਰਾ ਵਰਤੋਂ/ਰੀਸਾਇਕਲਿੰਗ ਦੀਆਂ ਚੋਣਾਂ ਅਤੇ ਖਾਸ ਤਰੀਕੇ ਨਾਲ ਸੰਭਾਲ ਕਰਨ ਬਾਰੇ ਜ਼ਿਆਦਾ ਜਾਣਕਾਰੀ ਲਈ www.crd.bc.ca/renowaste ’ਤੇ ਜਾਉ।**

- **ਡਰਾਈਵਾਲ:** ਹਾਰਟਲੈਂਡ ਐਸਬੈਸਟਸ-ਮੁਕਤ ਡਰਾਈਵਾਲ ਪ੍ਰਵਾਨ ਨਹੀਂ ਕਰਦਾ ਕਿਉਂਕਿ ਇਹ ਰੀਸਾਇਕਲ ਕਰਨ ਯੋਗ ਹੈ। ਜਿਹੜੀਆਂ ਕੰਪਨੀਆਂ ਰੀਸਾਇਕਲਿੰਗ ਲਈ ਐਸਬੈਸਟਸ-ਮੁਕਤ ਡਰਾਈਵਾਲ ਪ੍ਰਵਾਨ ਕਰਦੀਆਂ ਹਨ ਉਨ੍ਹਾਂ ਦੀ ਲਿਸਟ www.myrecyclopedia.ca ’ਤੇ ਹੈ। ਹਾਰਟਲੈਂਡ ਵਿਖੇ ਐਸਬੈਸਟਸ ਵਾਲੀ ਡਰਾਈਵਾਲ ਜਮ੍ਹਾਂ ਕਰਵਾਉਣ ਲਈ, ਟੈੱਸਟਾਂ ਦੇ ਡੇਟੇ ਦੀ ਮੰਗ ਕੀਤੀ ਜਾਂਦੀ ਹੈ ਤਾਂ ਜੋ ਇਹ ਸਾਬਤ ਹੋ ਸਕੇ ਕਿ ਇਸ ਵਿਚ ਐਸਬੈਸਟਸ ਹੈ।
- **ਐਸਬੈਸਟਸ:** ਹਾਰਟਲੈਂਡ ਛੱਡੇ ਜਾਣ ਲਈ ਸਹੀ ਤਰ੍ਹਾਂ ਪੈਕ ਕੀਤੀ ਹੋਈ ਐਸਬੈਸਟਸ ਸਿਰਫ ਅਪੌਇੰਟਮੈਂਟ ਬਣਾ ਕੇ ਹੀ ਪ੍ਰਵਾਨ ਕਰਦਾ ਹੈ। ਜ਼ਿਆਦਾ ਜਾਣਕਾਰੀ ਲਈ www.crd.bc.ca/acm ’ਤੇ ਜਾਉ। ਤੁਹਾਡੇ ਘਰ ਤੋਂ ਐਸਬੈਸਟਸ ਦੀ ਵੇਸਟ ਮਨਜ਼ੂਰਸ਼ੁਦਾ ਯੂ ਐੱਨ ਰੇਟਿਡ 6 ਮਿਲ ਪੌਲੀ ਐਸਬੈਸਟਸ ਬੈਗਾਂ ਵਿਚ ਦੋਹਰੇ ਬੈਗਾਂ ਵਿਚ ਹੋਣੀ ਜ਼ਰੂਰੀ ਹੈ ਅਤੇ ਇਹ ਬੈਗ ਸੇਫਟੀ ਸਪਲਾਈ ਸਟੋਰਾਂ ਤੋਂ ਖਰੀਦੇ ਜਾ ਸਕਦੇ ਹਨ।
- **ਸਾਫ ਰੈਨੋ ਵੇਸਟ** ਹਾਰਟਲੈਂਡ ਅਤੇ ਪ੍ਰਾਈਵੇਟ ਸਥਾਨਾਂ ਵਿਚ ਪ੍ਰਵਾਨ ਕੀਤੀ ਜਾਂਦੀ ਹੈ। ਵੇਸਟ ਨੂੰ ਲੈਣ ਵਾਲੇ ਹਰ ਸਥਾਨ ਉੱਪਰ ਇਸ ਵੇਸਟ ਲਈ ਟੈੱਸਟਾਂ ਅਤੇ ਪ੍ਰਵਾਨ ਕਰਨ ਦੀਆਂ ਸ਼ਰਤਾਂ ਮੌਜੂਦ ਹੋਣਗੀਆਂ।



**3**

### ਛੱਡਣ ਲਈ ਅਗਾਊਂ ਮਨਜ਼ੂਰੀ ਲਓ

ਰੈਨੋ ਵੇਸਟ ਜਿਸ ਵਿਚ ਐਸਬੈਸਟਸ ਜਾਂ ਹੋਰ ਖਤਰਨਾਕ ਸਾਮੱਗਰੀ ਨਹੀਂ ਹੁੰਦੀ (ਐਸਬੈਸਟਸ ਮੁਕਤ ਡਰਾਈਵਾਲ ਤੋਂ ਬਿਨਾਂ) ਉਹ ਅਗਾਊਂ ਮਨਜ਼ੂਰੀ ਲੈ ਕੇ ਹਾਰਟਲੈਂਡ ਲੈਂਡਫਿਲ ਵਿਚ ਛੱਡੀ ਜਾ ਸਕਦੀ ਹੈ। ਅਗਾਊਂ ਮਨਜ਼ੂਰੀ ਲੈਣ ਲਈ ਆਪਣੇ ਹੈਜ਼ਮੇਟ ਸਰਵੇ ਜਾਂ ਟੈੱਸਟ ਦੇ ਨਤੀਜਿਆਂ ਦੀ ਕਾਪੀ ਦਰਜ ਕਰਵਾਉਣ ਲਈ ਤਿਆਰ ਰਹੋ ਜਾਂ ਇਹ ਈਮੇਲ ਕਰੋ: controlledwaste@crd.bc.ca

ਇਸ ਨੂੰ ਪ੍ਰੋਸੈੱਸ ਕਰਨ ਨੂੰ ਸੱਤ ਦਿਨ ਲੱਗ ਸਕਦੇ ਹਨ।

ਸ਼ਰਤਾਂ, ਨਿਯਮਾਂ ਅਤੇ ਸਾਮੱਗਰੀ ਦੀਆਂ ਮਨਾਹੀਆਂ ਬਾਰੇ www.crd.bc.ca/renowaste ’ਤੇ ਜ਼ਿਆਦਾ ਜਾਣੋ।

**ਅਗਾਊਂ ਮਨਜ਼ੂਰੀ ਲੈਣ ਲਈ:**

- ☐ ਆਪਣੇ ਹੈਜ਼ਮੇਟ ਸਰਵੇ ਜਾਂ ਲੈਬ ਟੈੱਸਟਾਂ ਦੇ ਨਤੀਜੇ ਲਓ
- ☐ ਕਲੀਨ ਡੈਮੋ ਐਪਲੀਕੇਸ਼ਨ ਭਰੋ
- ☐ ਐਪਲੀਕੇਸ਼ਨ ਅਤੇ ਹੈਜ਼ਮੇਟ/ਟੈੱਸਟ ਦੇ ਨਤੀਜੇ ਦਰਜ ਕਰਵਾਉ
- ☐ ਆਪਣਾ ਅਗਾਊਂ ਮਨਜ਼ੂਰੀ ਦਾ ਨੰਬਰ ਲਓ
- ☐ 24 ਘੰਟੇ ਪਹਿਲਾਂ **250-360-3410** ’ਤੇ ਫੋਨ ਕਰਕੇ ਅਪੌਇੰਟਮੈਂਟ ਬਣਾਉ